ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 26 ਨਵੰਬਰ 2026 ਦਿਨ ਵੀਰਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 26 ਨਵੰਬਰ : ਗੁਰਦੁਆਰਾ ਸਾਹਿਬ ਬਰੁੱਕਸਾਈਡ, ਸਰੀ ਦੀ ਸੰਗਤ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 557ਵਾਂ ਪ੍ਰਕਾਸ਼ ਪੁਰਬ ਬੜੀ ਸ਼ਰਧਾ, ਉਤਸ਼ਾਹ ਅਤੇ ਚਾਵਾਂ ਨਾਲ ਮਨਾਇਆ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਗੁਰਬਾਣੀ ਕੀਰਤਨ, ਕਥਾ-ਵਿਚਾਰ, ਧਾਰਮਿਕ ਸਮਾਗਮ ਅਤੇ ਗੁਰੂ ਕਾ ਲੰਗਰ ਰਾਹੀਂ ਸੰਗਤਾਂ ਨੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨਾਲ ਜੁੜਦਿਆਂ ਅਧਿਆਤਮਿਕ ਆਨੰਦ ਮਾਣਿਆ। ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸਵੇਰ ਤੋਂ ਸ਼ਾਮ ਤੱਕ ਗੁਰਬਾਣੀ ਕੀਰਤਨ ਅਤੇ ਕਥਾ-ਵਿਚਾਰ ਦਾ ਪ੍ਰਵਾਹ ਚੱਲਦਾ ਰਿਹਾ। ਕੰਮਕਾਜੀ ਦਿਨ ਹੋਣ ਦੇ ਬਾਵਜੂਦ ਸੰਗਤਾਂ ਵੱਡੀ ਗਿਣਤੀ ਵਿੱਚ ਦਰਬਾਰ ਹਾਲ ਵਿਖੇ ਪਹੁੰਚੀਆਂ ਅਤੇ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ।





ਇਸ ਮੌਕੇ ਰਾਗੀ ਜਥਿਆਂ ਭਾਈ ਸਵਰਨਜੀਤ ਸਿੰਘ ਪਟਿਆਲਾ ਵਾਲੇ ਅਤੇ ਭਾਈ ਇਕਬਾਲ ਸਿੰਘ ਲੁਧਿਆਣੇ ਵਾਲਿਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਅਤੇ ਉਨ੍ਹਾਂ ਦੇ ਸਰਬ-ਸਾਂਝੇ ਸੰਦੇਸ਼ ਨੂੰ “ਸਿੱਖ ਧਰਮ ਦੇ ਬਾਨੀ, ਜਾਹਰ ਪੀਰ ਜਗਤ ਗੁਰ ਬਾਬਾ”, “ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ”, “ਬਾਬੇ ਤਾਰੇ ਚਾਰ ਚੱਕ ਨੌ ਖੰਡ ਪ੍ਰਿਥਮੀ ਸੱਚਾ ਢੋਆ”, “ਸਾ ਧਰਤੀ ਭਈ ਹਰਿਆਵਲੀ ਜਿਥੈ ਮੇਰਾ ਸਤਿਗੁਰੂ ਬੈਠਾ ਆਇ” ਅਤੇ “ਆਪਿ ਨਰਾਇਣ ਕਲਾਧਾਰ ਜਗ ਮਹਿ ਪਰਵਰਿਓ” ਵਰਗੇ ਅਨੇਕਾਂ ਸ਼ਬਦਾਂ ਰਾਹੀਂ ਗੁਣਗਾਨ ਕੀਤਾ ਗਿਆ। ਗਿਆਨੀ ਕੁਲਵੰਤ ਸਿੰਘ ਅਤੇ ਗਿਆਨੀ ਸਤਵਿੰਦਰਪਾਲ ਸਿੰਘ ਨੇ ਗੁਰੂ ਸਾਹਿਬ ਦੇ ਜੀਵਨ ਨਾਲ ਸਬੰਧਤ ਅਹਿਮ ਘਟਨਾਵਾਂ ਬਾਰੇ ਚਾਨਣਾ ਪਾਉਂਦਿਆਂ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਜੀਵਨ ਵਿੱਚ ਅਪਣਾਉਣ ਲਈ ਸੰਗਤ ਨੂੰ ਪ੍ਰੇਰਿਤ ਕੀਤਾ। ਗੁਰੂ ਨਾਨਕ ਦੇਵ ਜੀ ਦੇ ਸਰਬੱਤ ਦੇ ਭਲੇ, ਬਰਾਬਰਤਾ, ਸਾਂਝੀਵਾਲਤਾ, ਸੱਚ, ਇਮਾਨਦਾਰੀ ਅਤੇ ਮਨੁੱਖਤਾ ਦੀ ਸੇਵਾ ਦੇ ਸੰਦੇਸ਼ ਨੂੰ ਅੱਜ ਦੇ ਸਮੇਂ ਵਿੱਚ ਅਪਣਾਉਣ ਦੀ ਮਹੱਤਤਾ ਉਭਾਰੀ ਗਈ।

ਗੁਰਦੁਆਰਾ ਸਾਹਿਬ ਦੀਆਂ ਸੇਵਾਦਾਰ ਬੀਬੀਆਂ ਨੇ ਗੁਰਬਾਣੀ ਸ਼ਬਦ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਪੰਜਾਬੀ ਸਕੂਲ ਦੇ ਵਿਦਿਆਰਥੀਆਂ ਅਤੇ ਕੀਰਤਨ ਕਲਾਸ ਦੇ ਬੱਚਿਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿੱਖ ਧਰਮ ਬਾਰੇ ਸਾਖੀਆਂ ਰਾਹੀਂ ਪ੍ਰਭਾਵਸ਼ਾਲੀ ਢੰਗ ਨਾਲ ਜਾਣਕਾਰੀ ਸਾਂਝੀ ਕੀਤੀ। ਕੁਝ ਬੱਚਿਆਂ ਨੇ ਪਹਿਲੀ ਅਤੇ ਗਿਆਰ੍ਹਵੀਂ ਪੌੜੀ ਦਾ ਪਾਠ ਅਤੇ ਪੰਜਾਬੀ ਵਿੱਚ ਲਿਖੀ ਵਾਰਤਾ ਪੜ੍ਹ ਕੇ ਸੰਗਤ ਨਾਲ ਸਾਂਝੀ ਕੀਤੀ। ਬੱਚਿਆਂ ਵੱਲੋਂ ਸਟੇਜ ਉੱਤੇ ਬੈਠ ਕੇ ਮੂਲ ਮੰਤਰ ਦਾ ਜਾਪ ਕਰਨ ਨਾਲ ਉਨ੍ਹਾਂ ਦਾ ਉਤਸ਼ਾਹ ਹੋਰ ਵਧਿਆ ਅਤੇ ਸਮਾਗਮ ਨੂੰ ਵਿਸ਼ੇਸ਼ ਰੰਗ ਮਿਲਿਆ।

ਦਵਿੰਦਰ ਕੌਰ ਚਾਨਾ ਅਤੇ ਕੀਰਤਨ ਕਲਾਸ ਪ੍ਰਬੰਧਕ ਪ੍ਰਮਜੀਤ ਕੌਰ ਜੱਬਲ ਦੀ ਦੇਖ-ਰੇਖ ਹੇਠ ਚੱਲ ਰਹੇ ਪੰਜਾਬੀ ਸਕੂਲ ਦੇ ਪ੍ਰਬੰਧਕਾਂ ਵੱਲੋਂ ਮਾਪਿਆਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਅਤੇ ਕੀਰਤਨ ਦੀ ਸਿੱਖਿਆ ਪ੍ਰਾਪਤ ਕਰਨ ਲਈ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਖੇ ਚੱਲ ਰਹੀਆਂ ਕਲਾਸਾਂ ਵਿੱਚ ਭੇਜਣ ਤਾਂ ਜੋ ਬੱਚੇ ਆਪਣੀ ਮਾਂ-ਬੋਲੀ, ਧਾਰਮਿਕ ਵਿਰਾਸਤ ਅਤੇ ਸੱਭਿਆਚਾਰ ਨਾਲ ਜੁੜੇ ਰਹਿਣ। ਸਕੂਲੀ ਬੱਚਿਆਂ ਦੇ ਪ੍ਰੋਗਰਾਮ ਉਪਰੰਤ ਪਰਮਜੀਤ ਕੌਰ ਜੱਬਲ ਅਤੇ ਸੁਰਿੰਦਰ ਸਿੰਘ ਜੱਬਲ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਕਵਿਤਾਵਾਂ ਸੰਗਤ ਨਾਲ ਸਾਂਝੀਆਂ ਕੀਤੀਆਂ। ਇਸ ਤੋਂ ਬਾਅਦ ਸੰਗਤ ਨੇ ਪ੍ਰਕਾਸ਼ ਪੁਰਬ ਦੀਆਂ ਖੁਸ਼ੀਆਂ ਮਿਠਾਈਆਂ, ਕੇਕ ਅਤੇ ਗੁਰੂ ਕਾ ਲੰਗਰ ਛਕ ਕੇ ਸਾਂਝੀਆਂ ਕੀਤੀਆਂ। ਸੇਵਾਦਾਰ ਬੀਬੀਆਂ ਵੱਲੋਂ ਸੰਗਤ ਲਈ ਵੱਖ-ਵੱਖ ਤਰ੍ਹਾਂ ਦੇ ਪਕਵਾਨ ਤਿਆਰ ਕੀਤੇ ਗਏ, ਜਿਨ੍ਹਾਂ ਦਾ ਸੰਗਤ ਨੇ ਭਰਪੂਰ ਆਨੰਦ ਮਾਣਿਆ।

ਸਮਾਗਮ ਦੌਰਾਨ ਲੰਗਰ ਦੀ ਤਿਆਰੀ ਅਤੇ ਵਰਤਾਉਣ ਦੀ ਸੇਵਾ ਕਰਨ ਵਾਲੇ ਸਮੂਹ ਸੇਵਾਦਾਰਾਂ, ਭਾਈਆਂ ਅਤੇ ਬੀਬੀਆਂ ਦਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਸ਼ਾਇਰ ਹਰਦਮ ਸਿੰਘ ਮਾਨ ਵੱਲੋਂ ਇਸ ਮੌਕੇ ਕਿਤਾਬਾਂ ਦੀ ਪ੍ਰਦਰਸ਼ਨੀ ਵੀ ਲਾਈ ਗਈ, ਜਿਸ ਨੂੰ ਸੰਗਤ ਨੇ ਉਤਸ਼ਾਹ ਨਾਲ ਦੇਖਿਆ। ਇਸੇ ਲੜੀ ਤਹਿਤ ਅਗਲੇ ਹਫ਼ਤੇ 27 ਨਵੰਬਰ ਤੋਂ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 29 ਨਵੰਬਰ, ਐਤਵਾਰ ਨੂੰ ਭੋਗ ਉਪਰੰਤ ਕੀਰਤਨ, ਗੁਰਮਤਿ ਸਮਾਗਮ ਅਤੇ ਗੁਰੂ ਕਾ ਲੰਗਰ ਹੋਵੇਗਾ। ਇਸ ਸਮਾਗਮ ਦੀ ਸੇਵਾ ਲਾਂਗਸ਼ੋਰਮੈਨ ਵਰਕਰਜ਼ ਅਤੇ ਸਹਿਯੋਗੀਆਂ ਵੱਲੋਂ ਨਿਭਾਈ ਜਾਵੇਗੀ।

ਜੰਮੂ-ਕਸ਼ਮੀਰ ਦੇ ਪੰਜਾਬੀ ਕਵੀ ਡਾ. ਮੋਹਨ ਸਿੰਘ ਸ਼ਾਂਤ ਦੇ ਦੈਹਾਂਤ ਤੇ ਪ੍ਰੋ. ਗੁਰਭਜਨ ਸਿੰਘ ਗਿੱਲ ਵੱਲੋਂ ਅਫ਼ਸੋਸ ਦਾ ਪ੍ਰਗਟਾਵਾ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ: 26 ਨਵੰਬਰ : ਜੰਮੂ ਕਸ਼ਮੀਰ ਵਾਸੀ ਪੰਜਾਬੀ ਸਦੇ ਉੱਘੇ ਕਵੀ ਅਤੇ ਪੇਸ਼ੇ ਵਜੋਂ ਪ੍ਰਸਿੱਧ ਸਰਜਨ ਡਾ. ਮੋਹਨ ਸਿੰਘ ਸ਼ਾਂਤ ਦਾ ਅੱਜ ਸ੍ਰੀਨਗਰ(ਕਸ਼ਮੀਰ) ਵਿਖੇ 85 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਹੈ। ਇਹ ਜਾਣਕਾਰੀ ਜੰਮੂ ਕਸ਼ਮੀਰ ਅਕੈਡਮੀ ਆਫ ਲੈਂਗੁਏਜਿਜ ਤੇ ਕਲਚਰ ਵੱਲੋਂ ਛਪਦੇ ਸਾਹਿੱਤਕ ਮੈਗਜ਼ੀਨ “ਸ਼ੀਰਾਜ਼ਾ” ਦੇ ਸੀਨੀਅਰ ਸੰਪਾਦਕ ਸ. ਪੋਪਿੰਦਰ ਸਿੰਘ ਪਾਰਸ ਨੇ ਦਿੱਤੀ ਹੈ।

ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਡਾ. ਮੋਹਨ ਸਿੰਘ ਸ਼ਾਂਤ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਹੈ ਕਿ ਉਹ ਸੁਚੇਤ ਸਾਹਿੱਤ ਸਿਰਜਕ ਤੇ ਮਿਲਾਪੜੇ ਇਨਸਾਨ ਸਨ।

ਉਨ੍ਹਾਂ ਨਾਲ 1977 ਵਿੱਚ ਕਸ਼ਮੀਰ ਫੇਰੀ ਦੌਰਾਨ ਸਾਹਿੱਤ ਸਭਾ ਸ੍ਰੀਨਗਰ ਦੀ ਮੀਟਿੰਗ ਵਿੱਚ ਹੋਈ ਮੁਲਾਕਾਤ ਨੂੰ ਚੇਤੇ ਕੀਤਾ ਜਿਸ ਵਿੱਚ ਡਾ. ਮੋਹਨ ਸਿੰਘ ਸ਼ਾਂਤ ਤੋਂ ਇਲਾਵਾ ਖਾਲਿਦ ਹੁਸੈਨ, ਕੰਵਲ ਕਸ਼ਮੀਰੀ, ਡਾ. ਗੁਰਚਰਨ ਸਿੰਘ ਗੁਲਸ਼ਨ ਤੇ ਤਰਲੋਕ ਸਿੰਘ ਵੀ ਸ਼ਾਮਲ ਸਨ।

ਡਾ. ਮੋਹਨ ਸਿੰਘ ਸ਼ਾਂਤ ਦੇ ਅਕਾਲ ਚਲਾਣਾ ਕਰ ਜਾਣ ਦੀ ਖ਼ਬਰ ਨਾਲ ਸਮੁੱਚੇ ਜੰਮੂ ਕਸ਼ਮੀਰ ਦੇ ਪੰਜਾਬੀ ਸਾਹਿਤ ਜਗਤ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।

ਡਾ. ਮੋਹਨ ਸਿੰਘ ਸ਼ਾਂਤ ਨੇ ਆਪਣੀਆਂ ਤਿੰਨ ਪੰਜਾਬੀ ਕਾਵਿ-ਪੁਸਤਕਾਂ ਰਾਹੀਂ ਪੰਜਾਬੀ ਸਾਹਿਤ ਵਿੱਚ ਆਪਣੀ ਵਿਸ਼ੇਸ਼ ਪਛਾਣ ਬਣਾਈ।

ਪੋਪਿੰਦਰ ਸਿੰਘ ਪਾਰਸ ਨੇ ਦੱਸਿਆ ਕਿ ਉਨ੍ਹਾਂ ਦੀ ਕਵਿਤਾ ਵਿੱਚ ਸਮਾਜਿਕ ਸਰੋਕਾਰਾਂ, ਸਮਾਜਿਕ ਬੁਰਾਈਆਂ ਅਤੇ ਮਨੁੱਖੀ ਜੀਵਨ ਦੇ ਵੱਖ-ਵੱਖ ਪੱਖਾਂ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਪੇਸ਼ ਕੀਤਾ ਗਿਆ ਹੈ।

ਇਸ ਦੁੱਖ ਦੀ ਘੜੀ ਵਿੱਚ ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗੁਏਜਿਜ਼ ਡਾ. ਮੋਹਨ ਸਿੰਘ ਸ਼ਾਂਤ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਪ੍ਰਗਟ ਕਰਦਿਆਂ ਜੰਮੂ ਕਸ਼ਮੀਰ ਅਕੈਡਮੀ ਆਫ ਲੈਂਗੁਇਜ ਦੀ ਸਕੱਤਰ ਸਰਦਾਰਨੀ ਹਰਵਿੰਦਰ ਕੌਰ ਜੋ ਕੇ ਏ ਐੱਸ ਅਤੇ ਸ਼ੀਰਾਜ਼ਾ ਦੇ ਸੀਨੀਅਰ ਸੰਪਾਦਕ ਅਤੇ ਜੇ.ਕੇ.ਏ.ਏ.ਐੱਸ. ਦੇ ਨੋਡਲ ਅਫ਼ਸਰ ਸ. ਪੋਪਿੰਦਰ ਸਿੰਘ ਪਾਰਸ ਨੇ ਡਾ. ਮੋਹਨ ਸਿੰਘ ਸ਼ਾਂਤ ਦੇ ਅਕਾਲ ਚਲਾਣੇ 'ਤੇ ਡੂੰਘੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ।

ਨੌਜਵਾਨ ਸ਼ਾਇਰਾਂ ਨੇ ਬਰੈਂਪਟਨ ਵਿੱਚ ਸਜਾਈ ਬਹੁਭਾਸ਼ਾਈ ਸਾਹਿਤਕ ਮਹਿਫ਼ਿਲ ‘ਮੁਲਾਕਾਤ’

ਡਾ. ਵਰਿਆਮ ਸਿੰਘ ਸੰਧੂ ਅਤੇ ਪਾਕਿਸਤਾਨੀ ਸ਼ਾਇਰਾ ਤਾਹਿਰਾ ਸਰਾ ਨੇ ਮੁੱਖ ਮਹਿਮਾਨਾਂ ਵਜੋਂ ਕੀਤੀ ਸ਼ਿਰਕਤ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਬਰੈਂਪਟਨ, 26 ਨਵੰਬਰ : ਬੀਤੇ ਦਿਨੀਂ ਬਰੈਂਪਟਨ ਦੇ ਸਨੇਲਗਰੋਵ ਕਮਿਊਨਿਟੀ ਸੈਂਟਰ ਵਿਖੇ ਨੌਜਵਾਨ ਸ਼ਾਇਰਾਂ ਵੱਲੋਂ ਇਕ ਵਿਲੱਖਣ ਸਾਹਿਤਕ ਮਹਿਫ਼ਿਲ ‘ਮੁਲਾਕਾਤ’ ਕਰਵਾਈ ਗਈ। ਬਹੁਭਾਸ਼ਾਈ ਸਾਹਿਤਕ ਸਾਂਝ ਅਤੇ ਨੌਜਵਾਨ ਪੀੜ੍ਹੀ ਦੀ ਸਿਰਜਣਾਤਮਕ ਪ੍ਰਤਿਭਾ ਨੂੰ ਮੰਚ ਪ੍ਰਦਾਨ ਕਰਨ ਦੇ ਉਦੇਸ਼ ਨਾਲ ਕਰਵਾਈ ਗਈ ਇਸ ਮਹਿਫ਼ਿਲ ਵਿੱਚ ਵੱਖ-ਵੱਖ ਭਾਸ਼ਾਵਾਂ ਦੇ ਕਵੀਆਂ ਅਤੇ ਸਾਹਿਤ ਪ੍ਰੇਮੀਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਅਤੇ ਲਗਭਗ ਦੋ ਸੌ ਸਾਹਿਤ ਪ੍ਰੇਮੀਆਂ ਨੇ ਸ਼ਮੂਲੀਅਤ ਕਰਕੇ ਇਸ ਸਾਹਿਤਕ ਉਪਰਾਲੇ ਨੂੰ ਯਾਦਗਾਰੀ ਬਣਾ ਦਿੱਤਾ।



ਇਸ ਸਮਾਗਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਇਸ ਦਾ ਸੰਚਾਲਨ ਅਤੇ ਸਮੁੱਚਾ ਪ੍ਰਬੰਧ ਨੌਜਵਾਨ ਸ਼ਾਇਰਾਂ ਦੀ ਟੀਮ ਵੱਲੋਂ ਬੇਹੱਦ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਗਿਆ। ਇਸ ਟੀਮ ਵਿੱਚ ਗੁਰਦਾਸ ਸਿੰਘ, ਨਵਰੀਤ ਪਾਬਲਾ, ਕਰਨ ਪ੍ਰਕਾਸ਼, ਗੁਰਵੀਨ ਪਾਬਲਾ, ਪੁਨੀਤ ਸਿੰਘ, ਹਰਜੋਤ ਸਿੰਘ ਲਾਇਲ, ਕਰਨਦੀਪ ਸਿੰਘ ਧਾਲੀਵਾਲ, ਕਰਮਜੀਤ ਸਿੰਘ, ਸੁਖਮਨਦੀਪ ਕੌਰ ਅਤੇ ਅਮਰਜੀਤ ਸਿੰਘ ਭੁੱਲਰ ਸ਼ਾਮਲ ਸਨ। ਇਸ ਸਮੁੱਚੇ ਉਪਰਾਲੇ ਦੀ ਅਗਵਾਈ ਨਾਮਵਰ ਸ਼ਾਇਰਾ ਪਰਮਜੀਤ ਕੌਰ ਦਿਓਲ ਨੇ ਕੀਤੀ।

ਮਹਿਫ਼ਿਲ ਵਿੱਚ ਪ੍ਰਸਿੱਧ ਸਾਹਿਤਕਾਰ ਡਾ. ਵਰਿਆਮ ਸਿੰਘ ਸੰਧੂ ਅਤੇ ਪਾਕਿਸਤਾਨੀ ਸ਼ਾਇਰਾ ਤਾਹਿਰਾ ਸਰਾ ਨੇ ਮੁੱਖ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ, ਜਦਕਿ ਭੁਪਿੰਦਰ ਦੂਲੇ ਅਤੇ ਸੁਰਿੰਦਰਜੀਤ ਕੌਰ ਨੇ ਪ੍ਰਧਾਨਗੀ ਕੀਤੀ। ਡਾ. ਵਰਿਆਮ ਸਿੰਘ ਸੰਧੂ ਦੀ ਸ਼ਖ਼ਸੀਅਤ ਅਤੇ ਸਾਹਿਤਕ ਯੋਗਦਾਨ ਬਾਰੇ ਕਰਨ ਪ੍ਰਕਾਸ਼ ਨੇ ਬਹੁਤ ਹੀ ਸੰਖੇਪ, ਸੰਜੀਦਾ ਅਤੇ ਪ੍ਰਭਾਵਸ਼ਾਲੀ ਸ਼ਬਦਾਂ ਵਿੱਚ ਜਾਣ-ਪਛਾਣ ਕਰਵਾਈ। ਬਾਕੀ ਮਹਿਮਾਨਾਂ ਦੀ ਜਾਣ-ਪਛਾਣ ਪਰਮਜੀਤ ਕੌਰ ਦਿਓਲ ਨੇ ਕਰਵਾਈ ਅਤੇ ਮੰਚ ਦੀ ਕਾਰਵਾਈ ਵੀ ਬੇਹੱਦ ਸੁਚੱਜੇ ਢੰਗ ਨਾਲ ਅੱਗੇ ਵਧਾਈ।

ਮਹਿਫ਼ਿਲ ਦਾ ਆਗਾਜ਼ ਊਜ਼ਮਾ ਮਹਿਮੂਦ ਵੱਲੋਂ ਆਪਣੀ ਸੁਰੀਲੀ ਆਵਾਜ਼ ਵਿੱਚ ਗਾਇਨ ਨਾਲ ਕੀਤਾ ਗਿਆ। ਇਸ ਉਪਰੰਤ ਕਾਵਿ-ਮਹਿਫ਼ਿਲ ਦਾ ਸਿਲਸਿਲਾ ਸ਼ੁਰੂ ਹੋਇਆ, ਜਿਸ ਵਿੱਚ ਨੌਜਵਾਨ ਅਤੇ ਸੀਨੀਅਰ ਸ਼ਾਇਰਾਂ ਨੇ ਆਪੋ-ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਨੌਜਵਾਨ ਕਵੀਆਂ ਦੀਆਂ ਰਚਨਾਵਾਂ ਵਿੱਚ ਵਿਸ਼ਿਆਂ ਦੀ ਵਿਭਿੰਨਤਾ, ਵਿਚਾਰਾਂ ਦੀ ਪਕਿਆਈ ਅਤੇ ਕਾਵਿਕ ਸੰਵੇਦਨਾ ਦੇਖਣ ਨੂੰ ਮਿਲੀ। ਖ਼ਾਸ ਤੌਰ 'ਤੇ ਪੰਜਾਬੀ ਮਾਂ-ਬੋਲੀ ਪ੍ਰਤੀ ਮੋਹ, ਸਾਹਿਤਕ ਚੇਤਨਾ ਅਤੇ ਆਪਣੀ ਸਿਰਜਣਾਤਮਕ ਪਛਾਣ ਸਥਾਪਤ ਕਰਨ ਦੀ ਤਾਂਘ ਉਨ੍ਹਾਂ ਦੀਆਂ ਰਚਨਾਵਾਂ ਵਿੱਚੋਂ ਸਪੱਸ਼ਟ ਝਲਕਦੀ ਸੀ।

ਨੌਜਵਾਨ ਬੱਚਿਆਂ ਵੱਲੋਂ ਪੇਸ਼ ਕੀਤੀਆਂ ਗਈਆਂ ਖੂਬਸੂਰਤ ਰਚਨਾਵਾਂ ਨੇ ਸੀਨੀਅਰ ਸਾਹਿਤਕਾਰਾਂ ਤੋਂ ਭਰਪੂਰ ਪ੍ਰਸ਼ੰਸਾ ਹਾਸਲ ਕੀਤੀ। ਇਨ੍ਹਾਂ ਨਵੀਆਂ ਆਵਾਜ਼ਾਂ ਵਿੱਚੋਂ ਪੰਜਾਬੀ ਸਾਹਿਤ ਦੇ ਭਵਿੱਖ ਦੀਆਂ ਸੰਭਾਵਨਾਵਾਂ ਵੀ ਦਿਖਾਈ ਦਿੱਤੀਆਂ। ਇਹ ਪ੍ਰਭਾਵਸ਼ਾਲੀ ਅਹਿਸਾਸ ਵੀ ਉੱਭਰ ਕੇ ਸਾਹਮਣੇ ਆਇਆ ਕਿ ਜੇਕਰ ਨਵੀਂ ਪੀੜ੍ਹੀ ਇਸੇ ਤਰ੍ਹਾਂ ਸਾਹਿਤ ਨਾਲ ਜੁੜੀ ਰਹੇ ਤਾਂ ਪੰਜਾਬੀ ਸਾਹਿਤ ਦੀ ਅਮੀਰ ਵਿਰਾਸਤ ਨੂੰ ਅੱਗੇ ਤੋਰਨ ਵਾਲੇ ਹੱਥਾਂ ਦੀ ਕੋਈ ਕਮੀ ਨਹੀਂ ਰਹੇਗੀ।

ਸੀਨੀਅਰ ਸ਼ਾਇਰਾਂ ਨੇ ਵੀ ਆਪਣੀਆਂ ਰਚਨਾਵਾਂ ਰਾਹੀਂ ਮਹਿਫ਼ਿਲ ਵਿੱਚ ਸਾਹਿਤਕ ਰੰਗ ਭਰਿਆ। ਉਨ੍ਹਾਂ ਨੇ ਨੌਜਵਾਨ ਪ੍ਰਤਿਭਾਵਾਂ ਦੀ ਹੌਸਲਾ-ਅਫ਼ਜ਼ਾਈ ਕਰਦਿਆਂ ਉਨ੍ਹਾਂ ਨੂੰ ਅਸ਼ੀਰਵਾਦ ਦਿੱਤਾ ਅਤੇ ਭਵਿੱਖ ਵਿੱਚ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਇਸ ਮੌਕੇ ਹੋਰ ਸਾਹਿਤਕ ਸਭਾਵਾਂ ਦੇ ਨੁਮਾਇੰਦਿਆਂ ਵੱਲੋਂ ਵੀ ਅਜਿਹੇ ਉਪਰਾਲਿਆਂ ਨੂੰ ਸਹਿਯੋਗ ਦੇਣ ਦੀ ਵਚਨਬੱਧਤਾ ਪ੍ਰਗਟਾਈ ਗਈ।

ਇਸ ਸਾਹਿਤਕ ਮਹਿਫ਼ਿਲ ਵਿੱਚ ਭੁਪਿੰਦਰ ਦੂਲੇ, ਤਾਹਿਰਾ ਸਰਾ, ਸੁਰਿੰਦਰਜੀਤ ਕੌਰ, ਪਰਮਜੀਤ ਦਿਓਲ, ਰਜਵੰਤ ਕੌਰ ਸੰਧੂ, ਕੁਲਵਿੰਦਰ ਖਹਿਰਾ, ਊਜ਼ਮਾ ਮਹਿਮੂਦ, ਅਮਰਜੀਤ ਸਿੰਘ ਭੁੱਲਰ, ਪਰਮ ਸਰਾ, ਅਮੀਤੋਜ, ਗ਼ਜ਼ਾਲੇਹ ਯਾਸੀਮੀ, ਅਰਸ਼ ਚੀਮਾ, ਨੇਰਮਨ ਵਲਡੇਜ, ਹਰਮੇਸ਼ ਜਿੰਦੇਵਾਲ, ਗੁਰਵਿੰਦਰ, ਰਿੰਟੂ ਭਾਟੀਆ, ਸਨਮੀਤ ਸਿੰਘ ਵਿਰਕ, ਕਿਰਨ ਬੈਂਸ, ਸੁਖਚਰਨਜੀਤ ਕੌਰ ਗਿੱਲ, ਕਰਨਵੀਰ ਸਿੰਘ ਧਾਲੀਵਾਲ, ਗੁਰਦਾਸ ਸਿੰਘ, ਨਵਰੀਤ ਢਿੱਲੋਂ, ਨਵਰੀਤ ਪਾਬਲਾ, ਪੁਨੀਤ ਸਿੰਘ, ਹਰਜੋਤ ਸਿੰਘ ਲਾਇਲ, ਕਰਨਦੀਪ ਸਿੰਘ ਧਾਲੀਵਾਲ, ਕਰਮਜੀਤ ਸਿੰਘ, ਸੁਖਮਨਦੀਪ ਕੌਰ, ਪਰਮਜੀਤ ਸਿੰਘ ਢਿੱਲੋਂ, ਕਰਨ ਪ੍ਰਕਾਸ਼, ਅਨੂ ਰੰਧਾਵਾ, ਬਲਤੇਜ, ਉਪਕਾਰ ਸਿੰਘ ਪਾਤਰ, ਪ੍ਰੇਮਪਾਲ ਗਿੱਲ, ਬਲਜਿੰਦਰ ਕੌਰ, ਪ੍ਰੋ. ਅਤੇ ਸ